Punjabi

# ਹੈਲਥ ਐਂਡ –
# ਸੇਫਟੀ –
ਵਾਰੇ –
# ਕਰਮਚਾਰੀਆਂ ਨਾਲ –
# ਵਿਚਾਰ–ਵਟਾਂਦਰਾ ਕਰਨਾ –
ਕਨੂੰਨ ਵਾਰੇ ਇਕ ਗਾਈਡ –

# CONSULTING EMPLOYEES
on
# HEALTH AND SAFETY:
A guide to the law

# ਭੂਮਿਕਾ

ਇਸ ਲੀਫਲੈਟ ਵਿਚ ਦੱਸਿਆ ਗਿਆ ਹੈ ਕਿ ਇੰਪਲੋਯਰਾਂ ਨੂੰ, ਕਨੂੰਨ ਅਨੁਸਾਰ, ਹੈਲਥ ਐਂਡ ਸੇਫਟੀ ਵਿਸ਼ਿਆਂ ਵਾਰੇ ਆਪਣੇ ਕਰਮਚਾਰੀਆਂ ਨਾਲ ਕਿਵੇਂ ਵਿਚਾਰ ਵਟਾਂਦਰਾ ਕਰਨਾ ਜ਼ਰੂਰੀ ਹੈ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਵਧੇਰੇ ਗਾਈਡੈਂਸ ਕਿੱਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਵਿਚਾਰ ਵਟਾਂਦਰਾ ਕਿਉਂ ਜ਼ਰੂਰੀ ਹੈ?

ਕੰਮ ਕਰਨ ਲਈ ਸੇਹਤਮੰਦ ਅਤੇ ਸੁਰੱਖਿਅਤ ਮਾਹੌਲ ਸਥਾਪਤ ਕਰਨ ਅਤੇ ਬਰਕਰਾਰ ਰੱਖਣ ਵਾਸਤੇ ਹੈਲਥ ਐਂਡ ਸੇਫਟੀ ਮੁੱਦਿਆਂ ਵਾਰੇ ਕਰਮਚਾਰੀਆਂ ਨਾਲ ਵਿਚਾਰ ਵਟਾਂਦਰਾ ਕਰਨਾ ਬਹੁਤ ਮਹੱਤਵ ਪੂਰਨ ਹੋ ਸਕਦਾ ਹੈ। ਕਰਮਚਾਰੀਆਂ ਨਾਲ ਵਿਚਾਰ ਵਟਾਂਦਰੇ ਰਾਹੀਂ ਹਰ ਇੰਪਲੋਯਰ ਨੂੰ ਸਟਾਫ ਨੂੰ ਪ੍ਰੇਰਿਤ ਅਤੇ ਹੈਲਥ ਐਂਡ ਸੇਫਟੀ ਮੁੱਦਿਆਂ ਵਾਰੇ ਸੁਚੇਤ ਕਰਨਾ ਚਾਹੀਦਾ ਹੈ। ਇਸ ਨਾਲ ਕਾਰੋਬਾਰ ਜ਼ਿਆਦਾ ਸਫਲ ਹੋ ਸਕਦਾ ਹੈ ਅਤੇ ਹਾਦਸਿਆਂ ਅਤੇ ਕੰਮ ਨਾਲ ਸਬੰਧਤ ਸੇਹਤ ਖਰਾਬੀ ਵਿਚ ਕਮੀ ਆ ਸਕਦੀ ਹੈ।

ਕਨੂੰਨ ਅਨੁਸਾਰ ਇੰਪਲੋਯਰਾਂ ਨੂੰ ਆਪਣੇ ਸਾਰੇ ਕਰਮਚਾਰੀਆਂ ਨਾਲ ਹੈਲਥ ਐਂਡ ਸੇਫਟੀ ਵਿਸ਼ਿਆਂ ਤੇ ਵਿਚਾਰ ਵਟਾਂਦਰਾ ਕਰਨਾ ਜ਼ਰੂਰੀ ਹੈ। ਕੁੱਝ ਕਰਮਚਾਰੀ ਜੋ, ਟੈਕਸ ਮਕਸਦਾਂ ਲਈ, ਸੈਲਫ-ਇੰਪਲਾਯੇਡ ਹਨ ਉਹ ਹੈਲਥ ਐਂਡ ਸੇਫਟੀ ਕਨੂੰਨ ਅਧੀਨ ਇੰਪਲਾਯੇਡ ਗਿਣੇ ਜਾਂਦੇ ਹਨ। ਇਸ ਲੀਫਲੈਟ ਵਿਚ ਉਸ ਕਨੂੰਨ ਦਾ ਖੁਲਾਸਾ ਕੀਤਾ ਗਿਆ ਹੈ ਜੋ ਗ੍ਰੇਟ ਬ੍ਰਿਟੇਨ ਵਿਚ ਔਫਸ਼ੋਰ ਤੇ ਇੰਪਲੋਯਰਾਂ ਅਤੇ ਕਰਮਚਾਰੀਆਂ ਤੇ ਲਾਗੂ ਹੁੰਦਾ ਹੈ। ਤੁਸੀਂ ਇਸ ਵਿਚ ਇਹ ਵੀ ਲੱਭ ਸਕਦੇ ਹੋ ਕਿ ਵਧੇਰੇ ਗਾਈਡੈਂਸ ਕਿੱਥੋਂ ਲੈਣਾ ਹੈ ਅਤੇ ਔਫਸ਼ੋਰ ਬਿਜ਼ਨੈਸਾਂ ਦੀ ਪੁਜੀਸ਼ਨ ਵਾਰੇ ਇਸ ਲੀਫਲੈਟ ਦੇ ਅਖੀਰ ਵਾਲੇ ਪਾਸੇ ਰੈਫਰੈਂਸ ਸੈਕਸ਼ਨ ਵਿਚੋਂ ਪਤਾ ਕਰ ਸਕਦੇ ਹੋ।

## ਹੈਲਥ ਐਂਡ ਸੇਫਟੀ ਵਾਰੇ ਵਿਚਾਰ ਵਟਾਂਦਰੇ ਵਿਚ ਕੀ ਕੁੱਝ ਸ਼ਾਮਲ ਹੁੰਦਾ ਹੈ?

ਵਿਚਾਰ ਵਟਾਂਦਰੇ ਵਿਚ ਸਿਰਫ ਇੰਪਲੋਯਰਾਂ ਵਲੋਂ ਕਰਮਚਾਰੀਆਂ ਨੂੰ ਜਾਣਕਾਰੀ ਦੇਣੀ ਹੀ ਸ਼ਾਮਲ ਨਹੀਂ ਹੈ ਸਗੋਂ ਉਨ੍ਹਾਂ ਦੀ ਗੱਲ ਸੁਣਕੇ, ਜੋ ਉਹ ਕਹਿੰਦੇ ਹਨ, ਉਸਨੂੰ ਹੈਲਥ ਐਂਡ ਸੇਫਟੀ ਵਾਰੇ ਫੈਸਲੇ ਕਰਨ ਤੋਂ ਪਹਿਲਾਂ ਉਸ ਉਤੇ ਗੌਰ ਕਰਨਾ ਵੀ ਜ਼ਰੂਰੀ ਹੈ।

ਜੇ ਕੰਮ ਦੇ ਕਿਸੇ ਸਾਮਾਨ, ਕਾਰਜਵਿਧੀ ਜਾਂ ਵਿਵੱਸਥਾ ਨਾਲ ਤੁਹਾਡੇ ਕਰਮਚਾਰੀਆਂ ਦੀ ਹੈਲਥ ਐਂਡ ਸੇਫਟੀ ਉਤੇ ਅਸਰ ਹੋ ਸਕਦਾ ਹੋਵੇ ਤਾਂ ਇੰਪਲੋਯਰ ਲਈ ਜ਼ਰੂਰੀ ਹੈ ਕਿ ਉਹ ਕਰਮਚਾਰੀਆਂ ਜਾਂ ਉਨ੍ਹਾਂ ਦੇ ਪ੍ਰਤੀਨਿਧਾਂ ਨੂੰ ਇਸ ਵਾਰੇ ਜਾਣਕਾਰੀ ਦੇਣ ਲਾਈ ਲਾਜ਼ਮੀ ਸਮਾਂ ਕੱਢਣ ਕਿ ਕੀ ਕੁੱਝ ਪ੍ਰਸਤਾਵਤ ਕੀਤਾ ਗਿਆ ਹੈ। ਇੰਪਲੋਯਰ ਵਾਸਤੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪ੍ਰਤੀਨਿਧਾਂ ਨੂੰ ਆਪਣੀ ਰਾਇ ਪ੍ਰਗਟ ਕਰਨ ਲਈ ਸਮਾਂ ਦੇਣਾ ਵੀ ਜ਼ਰੂਰੀ ਹੈ। ਫਿਰ ਕੋਈ ਫੈਸਲਾ ਕਰਨ ਤੋਂ ਪਹਿਲਾਂ ਇੰਪਲੋਯਰਾਂ ਨੂੰ ਇਸ ਰਾਇ ਉਤੇ ਗੌਰ ਕਰਨਾ ਚਾਹੀਦਾ ਹੈ।

## ਵਿਚਾਰ ਵਟਾਂਦਰਾ ਕਿਸ ਚੀਜ਼ ਵਾਰੇ ਹੋਣਾ ਚਾਹੀਦਾ ਹੈ?

ਕਰਮਚਾਰੀਆਂ ਨਾਲ ਵਿਚਾਰ ਵਟਾਂਦਰਾ ਉਨ੍ਹਾਂ ਦੀ ਹੈਲਥ ਐਂਡ ਸੇਫਟੀ ਨਾਲ ਸਬੰਧਤਾਂ ਗੱਲਾਂ ਵਾਰੇ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਵਿਚ ਸ਼ਾਮਲ ਹੋਣ:

- ਕੋਈ ਵੀ ਉਹ ਤਬਦੀਲੀ, ਜਿਵੇਂ ਕਿ ਕਾਰਜਵਿਧੀਆਂ, ਸਾਮਾਨ ਜਾਂ ਕੰਮ ਕਰਨ ਦੇ ਢੰਗਾਂ ਵਿਚ, ਜਿਸ ਨਾਲ ਕੰਮ ਉਤੇ ਉਨ੍ਹਾਂ ਦੀ ਹੈਲਥ ਐਂਡ ਸੇਫਟੀ ਦੇ ਭਾਰੀ ਅਸਰ ਹੋਣਾ ਹੋਵੇ;

- ਹੈਲਥ ਐਂਡ ਸੇਫਟੀ ਕਨੂੰਨਾਂ ਦੀ ਪੂਰਤੀ ਵਾਸਤੇ ਨਿਪੁੰਨ ਲੋਕਾਂ ਕੋਲੋਂ ਮੱਦਦ ਪ੍ਰਾਪਤ ਕਰਨ ਵਾਰੇ ਇੰਪਲੋਯਰ ਦੇ ਪ੍ਰਬੰਧ;

- ਕਰਮਚਾਰੀਆਂ ਨੂੰ ਕੰਮ ਕਾਰਨ ਉਨ੍ਹਾਂ ਨੂੰ ਪੇਸ਼ ਆ ਸਕਣ ਵਾਲੇ ਸੰਭਾਵੀ-ਖਤਰਿਆਂ ਜਾਂ ਖਤਰਿਆਂ, ਉਨ੍ਹਾਂ ਸੰਭਾਵ-ਖਤਰਿਆਂ ਨੂੰ ਦੂਰ ਜਾਂ ਘੱਟ ਕਰਨ ਵਾਸਤੇ ਕੀਤੇ ਗਏ ਉਪਾਅ ਅਤੇ ਜੇ ਉਨ੍ਹਾਂ ਨੂੰ ਉਨ੍ਹਾਂ ਸੰਭਾਵੀ-ਖਤਰਿਆਂ ਜਾਂ ਖਤਰਿਆਂ ਨਾਲ ਆਪ ਨਿਪਟਣਾ ਪਵੇ ਤਾਂ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ ਵਾਰੇ ਜਾਣਕਾਰੀ;

- ਹੈਲਥ ਐਂਡ ਸੇਫਟੀ ਟ੍ਰੇਨਿੰਗ ਦੀ ਵਿਉਂਤਬੰਦੀ; ਅਤੇ

- ਨਵੀਂ ਟੈਕਨੋਲਜੀ ਸ਼ਾਮਲ ਕਰਨ ਦੇ ਹੈਲਥ ਐਂਡ ਸੇਫਟੀ ਲਈ ਸਿੱਟੇ।

## ਵਿਚਾਰ ਵਟਾਂਦਰਾ ਕਿਵੇਂ ਕੀਤਾ ਜਾਣਾ ਚਾਹੀਦਾ ਹੈ?

### ਦੀ ਸੇਫਟੀ ਰੈਪ੍ਰੀਜ਼ੈਂਟਟਿਵਜ ਐਂਡ ਸੇਫਟੀ ਕਮੇਟੀਜ ਰੈਗੂਲੇਸ਼ਨਜ (ਐਸਆਰਐਸਸੀਆਰ) 1977

ਜੇ ਇੰਪਲੋਯਰ ਕਿਸੇ ਟ੍ਰੇਡ ਯੂਨੀਅਨ ਨੂੰ ਪ੍ਰਵਾਨ ਕਰਦਾ ਹੈ ਅਤੇ ਉਸ ਟ੍ਰੇਡ ਯੂਨੀਅਨ ਨੇ ਐਸਆਰਐਸਸੀਆਰ 1977 ਅਧੀਨ ਸੇਫਟੀ ਪ੍ਰਤੀਨਿਧ ਨਿਯੁਕਤ ਕੀਤੇ ਹੋਏ ਹਨ ਜਾਂ ਨਿਯੁਕਤ ਕਰਨ ਵਾਲੇ ਹਨ ਤਾਂ ਇੰਪਲੋਯਰ ਨੂੰ ਇਨ੍ਹਾਂ ਪ੍ਰਤੀਨਿਧਾਂ ਨਾਲ ਉਨ੍ਹਾਂ ਲੋਕਾਂ, ਜਿਨ੍ਹਾਂ ਦੀ ਇਹ ਪ੍ਰਤੀਨਿਧਤਾ ਕਰਦੇ ਹਨ, ਦੇ ਗਰੁੱਪ ਜਾਂ ਗਰੁੱਪਾਂ ਦੀ ਸੇਫਟੀ ਨੂੰ ਪ੍ਰਭਾਵਤ ਕਰਨ ਵਾਲੀਆਂ ਗੱਲਾਂ ਵਾਰੇ ਵਿਚਾਰ ਵਟਾਂਦਰਾ ਜ਼ਰੂਰ ਕਰਨਾ ਚਾਹੀਦਾ ਹੈ। ਇਨ੍ਹਾਂ ਗਰੁੱਪਾਂ ਦੇ ਮੈਂਬਰਾਂ ਵਿਚ ਉਹ ਲੋਕ ਵੀ ਸ਼ਾਮਲ ਹੋ ਸਕਦੇ ਹਨ ਜੋ ਉਸ ਟ੍ਰੇਡ ਯੂਨੀਅਨ ਦੇ ਮੈਂਬਰ ਨਾ ਵੀ ਹੋਣ।

### ਦੀ ਹੈਲਥ ਐਂਡ ਸੇਫਟੀ (ਕਨਸਲਟੇਸ਼ਨ ਵਿੱਦ ਇੰਪਲੋਈਜ) ਰੈਗੂਲੇਸ਼ਨਜ (ਐਚਐਸਸੀਈਆਰ) 1996

ਜੋ ਕਰਮਚਾਰੀ ਉਨ੍ਹਾਂ ਗਰੁੱਪਾਂ ਵਿਚ ਆਉਂਦੇ ਹਨ ਜਿਨ੍ਹਾਂ ਦੀ ਪ੍ਰਤੀਨਿਧਤਾ ਟ੍ਰੇਡ ਯੂਨੀਅਨ ਸੇਫਟੀ ਪ੍ਰਤੀਨਿਧਾਂ ਵਲੋਂ ਨਹੀਂ ਹੁੰਦੀ ਉਨਾਂ ਨਾਲ ਇੰਪਲੋਯਰ ਲਈ ਐਚਐਸਸੀਈਆਰ 1996 ਤਹਿਤ ਵਿਚਾਰ ਵਟਾਂਦਰਾ ਕਰਨਾ ਜ਼ਰੂਰੀ ਹੈ। ਇੰਪਲੋਯਰ ਚੁਣ ਸਕਦਾ ਕਿ ਉਸਨੇ ਸਿੱਧਾ ਉਨ੍ਹਾਂ ਨਾਲ ਜਾਂ ਉਨ੍ਹਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਨਾਲ ਵਿਚਾਰ ਵਟਾਂਦਰਾ ਕਰਨਾ ਹੈ।

ਜੇ ਇੰਪਲੋਯਰ ਸਿੱਧਾ ਕਰਮਚਾਰੀਆਂ ਨਾਲ ਵਿਚਾਰ ਵਟਾਂਦਰਾ ਕਰਦਾ ਹੈ ਤਾਂ ਉਹ ਕੋਈ ਉਹ ਢੰਗ ਚੁਣ ਸਕਦਾ ਹੈ ਜੋ ਹਰ ਇਕ ਲਈ ਢੁਕਵਾਂ ਹੋਵੇ। ਜੇ ਇੰਪਲੋਯਰ ਕਰਮਚਾਰੀਆਂ ਨਾਲ ਉਨ੍ਹਾਂ ਦੇ ਪ੍ਰਤੀਨਿਧਾਂ ਰਾਹੀਂ ਵਿਚਾਰ ਵਟਾਂਦਰਾ ਕਰਨ ਦਾ ਫੈਸਲਾ ਕਰਦਾ ਹੈ ਤਾਂ ਕਰਮਚਾਰੀਆਂ ਨੂੰ ਆਪਣੀ ਪ੍ਰਤੀਨਿਧਤਾ ਵਾਸਤੇ ਇਕ ਜਾਂ ਵੱਧ ਵਿਅਕਤੀਆਂ ਦੀ ਚੋਣ ਕਰਨੀ ਪਵੇਗੀ।

| |
|---|
| ਜੇ ਇੰਪਲੋਯਰ ਦੇ ਪ੍ਰਬੰਧ ਪਹਿਲਾਂ ਹੀ ਕਨੂੰਨ ਦੀ ਪਾਲਣਾ ਕਰ ਰਹੇ ਹਨ ਤਾਂ ਫਿਰ ਕੋਈ ਤਬਦੀਲੀ ਕਰਨ ਦੀ ਲੋੜ ਨਹੀਂ ਹੈ। |

## ਕੀ ਵਿਚਾਰ ਵਟਾਂਦਰੇ ਵਿਚ ਭਾਗ ਲੈਣ ਕਾਰਨ ਕਰਮਚਾਰੀਆਂ ਦਾ ਨੁਕਸਾਨ ਵੀ ਹੋ ਸਕਦਾ ਹੈ?

ਨਹੀਂ, ਕਰਮਚਾਰੀ ਨੂੰ ਹੈਲਥ ਐਂਡ ਸੇਫਟੀ ਵਿਚਾਰ ਵਟਾਂਦਰੇ ਵਿਚ (ਵਿਅਕਤੀਗਤ ਜਾਂ ਪ੍ਰਤੀਨਿਧ ਤੌਰ ਤੇ) ਭਾਗ ਲੈਣ ਕਾਰਨ ਕੰਮ ਤੋਂ ਕੱਢੇ ਜਾਣ ਜਾਂ ਉਸ ਵਿਰੁੱਧ ਕੋਈ ਦੂਸਰੀ ਕਾਰਵਾਈ ਕੀਤੇ ਜਾਣ ਤੋਂ ਕਨੂੰਨ ਬਚਾਅ ਕਰਦਾ ਹੈ। ਇਸ ਵਿਚ ਹੈਲਥ ਐਂਡ ਸੇਫਟੀ ਪ੍ਰਤੀਨਿਧ ਦੀ ਚੋਣ ਕਰਨਾ ਜਾਂ ਉਮੀਦਵਾਰ ਖੜੇ ਹੋਣਾ ਵੀ ਸ਼ਾਮਲ ਹੈ।

## ਪ੍ਰਤੀਨਿਧਾਂ ਨੂੰ ਕਿਸ ਤਰਾਂ ਦੀ ਮੱਦਦ ਅਤੇ ਟ੍ਰੇਨਿੰਗ ਮਿਲੇਗੀ?

ਇੰਪਲੋਯਰ ਵਾਸਤੇ ਇਹ ਯਕੀਨੀ ਬਨਾਉਣਾ ਜ਼ਰੂਰੀ ਹੈ ਕਿ ਚੁਣੇ ਹੋਏ ਪ੍ਰਤੀਨਿਧਾਂ ਨੂੰ ਆਪਣੀ ਭੂਮਿਕਾ ਨਿਭਾਉਣ ਲਈ ਲੋੜੀਂਦੀ ਟ੍ਰੇਨਿੰਗ ਮਿਲੇ, ਇਸ ਵਾਸਤੇ ਲੋੜੀਂਦਾ ਸਮਾਂ ਤਨਖਾਹ ਸਮੇਤ ਦਿੱਤਾ ਜਾਵੇ ਅਤੇ ਇਸ ਟ੍ਰੇਨਿੰਗ ਵਾਸਤੇ ਵਾਜਬ ਖਰਚੇ ਦਾ ਭੁਗਤਾਨ ਕੀਤਾ ਜਾਵੇ। ਟ੍ਰੇਡ ਯੂਨੀਅਨ ਸੇਫਟੀ ਪ੍ਰਤੀਨਿਧਾਂ ਵਾਸਤੇ ਟੀਯੂਸੀ ਜਾਂ ਕੋਈ ਦੂਸਰੀ ਸਬੰਧਤ ਟ੍ਰੇਡ ਯੂਨੀਅਨ ਟ੍ਰੇਨਿੰਗ ਪ੍ਰਦਾਨ ਕਰੇਗੀ। ਸਾਰੇ ਪ੍ਰਤੀਨਿਧਾਂ ਨੂੰ ਲੋੜੀਂਦੀ ਟ੍ਰੇਨਿੰਗ ਪ੍ਰਾਪਤ ਕਰਨ ਦੇ ਸਮੇਂ ਵਾਸਤੇ ਤਨਖਾਹ ਸਮੇਤ ਕੰਮ ਤੋਂ ਛੁੱਟੀ ਦਿੱਤੀ ਜਾਣੀ ਜ਼ਰੂਰੀ ਹੈ।

ਸਾਰੇ ਪ੍ਰਤੀਨਿਧਾਂ ਨੂੰ ਤਨਖਾਹ ਸਮੇਤ ਵਾਜਬ ਸਮੇਂ ਦੀ ਛੁੱਟੀ ਅਤੇ ਢੁੱਕਵੀਂ ਮੱਦਦ ਅਤੇ ਸਹੂਲਤਾਂ ਮਿਲਣੀਆਂ ਜ਼ਰੂਰੀ ਹਨ ਤਾਂ ਕਿ ਉਹ ਆਪਣੀ ਭੂਮਿਕਾ ਨਿਭਾ ਸਕਣ। ਚੋਣ ਵਾਸਤੇ ਉਮੀਦਵਾਰ ਵੀ ਆਪਣੀ ਭੂਮਿਕਾ ਨਿਭਾ ਸਕਣ ਲਈ ਤਨਖਾਹ ਸਮੇਤ ਵਾਜਬ ਸਮੇਂ ਦੀ ਛੁੱਟੀ ਲੈ ਸਕਣ ਦੇ ਪਾਤਰ ਹਨ।

## ਕਿਹੜੀ ਜਾਣਕਾਰੀ ਉਪਲੱਬਧ ਹੋਣੀ ਚਾਹੀਦੀ ਹੈ?

ਕਰਮਚਾਰੀਆਂ ਅਤੇ ਉਨ੍ਹਾਂ ਦੇ ਪ੍ਰਤੀਨਿਧਾਂ ਨੂੰ ਵਿਚਾਰ ਵਟਾਂਦਰੇ ਵਿਚ ਪੂਰਾ ਅਤੇ ਪ੍ਰਭਾਵਸ਼ਾਲੀ ਭਾਗ ਲੈ ਸਕਣ ਵਾਸਤੇ ਕਾਫੀ ਜਾਣਕਾਰੀ ਮਿਲਣੀ ਚਾਹੀਦੀ ਹੈ।

ਕਿਸੇ ਖਾਸ ਮੁੱਦੇ ਵਾਰੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪ੍ਰਤੀਨਿਧਾਂ ਨਾਲ ਵਿਚਾਰ ਵਟਾਂਦਰਾ ਕਰਨ ਦਾ ਫੈਸਲਾ ਇੰਪਲੋਯਰ ਕਰ ਸਕਦਾ ਹੈ।

ਇੰਪਲੋਯਰ ਨੂੰ ਉਹ ਜਾਣਕਾਰੀ ਦੇਣ ਦੀ ਮਜਬੂਰੀ ਨਹੀਂ ਜਿਸ ਵਾਰੇ ਉਹ ਆਪ ਨਾ ਜਾਣਦੇ ਹੋਣ ਜਾਂ ਜੇ:

- ਕੌਮੀ ਰੱਖਿਆ ਦੇ ਹਿੱਤ ਵਿਚ ਨਾ ਹੋਵੇ ਜਾਂ ਕਨੂੰਨ ਦੀ ਵਿਰੋਧਤਾ ਹੁੰਦੀ ਹੋਵੇ;
- ਕਿਸੇ ਐਸੇ ਵਿਅਕਤੀ ਵਾਰੇ ਹੋਵੇ ਜਿਸਨੇ ਇਹ ਜਾਣਕਾਰੀ ਦੇਣ ਦੀ ਪ੍ਰਵਾਨਤਾ ਨਾ ਦਿੱਤੀ ਹੋਵੇ;
- ਕਿਸੇ ਤਰਾਂ ਕਾਰੋਬਾਰ ਦਾ – ਹੈਲਥ ਐਂਡ ਸੇਫਟੀ ਦੇ ਕਾਰਨਾ ਤੋਂ ਬਗੈਰ – ਨੁਕਸਾਨ ਕਰਦੀ ਹੋਵੇ; ਜਾਂ
- ਇੰਪਲੋਯਰ ਕੋਲ ਕਨੂੰਨੀ ਚਾਰਾਜੋਈ ਨਾਲ ਸਬੰਧਤ ਜਾਣਕਾਰੀ ਨਾ ਹੋਵੇ।

## ਰੈਗੂਲੇਸ਼ਨਾ ਲਾਗੂ ਕਿਵੇਂ ਕਰਵਾਈਆਂ ਜਾਂਦੀਆਂ ਹਨ?

ਹੈਲਥ ਐਂਡ ਸੇਫਟੀ ਇੰਸਪੈਕਟਰ ਰੈਗੂਲੇਸ਼ਨਾ ਲਾਗੂ ਕਰਵਾਉਂਦੇ ਹਨ। ਜੇ ਇੰਪਲੋਯਰ ਰੈਗੂਲੇਸ਼ਨਾ ਦੀ ਪੂਰਤੀ ਨਹੀਂ ਕਰਦੇ ਤਾਂ ਉਹ ਅਪਰਾਧ ਕਰ ਰਹੇ ਹੁੰਦੇ ਹਨ।

ਜੇ ਵਿਚਾਰ ਵਟਾਂਦਰੇ ਦੇ ਪ੍ਰਬੰਧਾਂ ਵਾਰੇ ਕਰਮਚਾਰੀਆਂ ਜਾਂ ਉਨ੍ਹਾਂ ਦੇ ਪ੍ਰਤੀਨਿਧਾਂ ਅਤੇ ਇੰਪਲੋਯਰਾਂ ਵਿਚਕਾਰ ਕੋਈ ਅਸਹਿਮਤੀ ਹੈ ਤਾਂ ਪਹਿਲਾਂ ਸੰਸਥਾ ਦੀਆਂ ਵਿਧੀਆਂ ਅਨੁਸਾਰ ਇਹ ਸਹਿਮਤੀ ਬਣਾਈ ਜਾਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਲੋੜ ਹੋਵੇ ਤਾਂ ਅਡਵਾਈਜ਼ਰੀ, ਕੌਂਸਲੀਏਸ਼ਨ ਐਂਡ ਆਰਬੀਟ੍ਰੇਸ਼ਨ ਸਰਵਿਸ (ਏਸੀਏਐਸ) ਦਖਲ ਦੇ ਸਕਦੀ ਹੈ।

ਜੇ ਕੋਈ ਵੀ ਕਰਮਚਾਰੀ ਮਹਿਸੂਸ ਕਰੇ ਕਿ ਉਸਨੂੰ ਵਿਚਾਰ ਵਟਾਂਦਰੇ ਵਿਚ ਭਾਗ ਲੈਣ ਕਾਰਨ ਸਜ਼ਾ ਦਿੱਤੀ ਗਈ ਹੈ ਤਾਂ ਉਹ ਇੰਡੱਸਟ੍ਰੀਅਲ ਟ੍ਰਾਈਬਿਊਨਲ ਕੋਲ ਅਰਜ਼ੀ ਦੇ ਸਕਦੇ ਹਨ। ਪ੍ਰਤੀਨਿਧ ਜਿਨ੍ਹਾਂ ਨੂੰ ਆਪਣੀ ਭੂਮਿਕਾ ਨਿਭਾਉਣ ਵਾਸਤੇ ਸਮਾਂ ਅਤੇ ਤਨਖਾਹ ਜਾਂ ਟ੍ਰੇਨਿੰਗ ਨਹੀਂ ਦਿੱਤੀ ਗਈ ਉਹ ਵੀ ਅਰਜ਼ੀ ਦੇ ਸਕਦੇ ਹਨ।

ਟ੍ਰੇਡ ਯੂਨੀਅਨ ਸੇਫਟੀ ਪ੍ਰਤੀਨਿਧਾਂ ਅਤੇ ਕਰਮਚਾਰੀ ਸੇਫਟੀ ਦੇ ਚੁਣੇ ਹੋਏ (ਟ੍ਰੇਡ ਯੂਨੀਅਨ ਸੇਫਟੀ ਪ੍ਰਤੀਨਿਧਾਂ ਦੇ ਅਧਿਕਾਰ ਖੇਤਰ ਵਿਚ ਨਾ ਆਉਣ ਵਾਲੇ ਕਰਮਚਾਰੀਆਂ ਦੇ ਗਰੁੱਪਾਂ ਵਲੋਂ ਚੁਣੇ ਹੋਏ) ਪ੍ਰਤੀਨਿਧਾਂ ਵਿਚ ਕੀ ਫਰਕ ਹੈ?

ਐਸਆਰਐਸਸੀਆਰ 1977 ਤਹਿਤ ਟ੍ਰੇਡ ਯੂਨੀਅਨ ਸੇਫਟੀ ਪ੍ਰਤੀਨਿਧਾਂ ਦੀਆਂ ਭੂਮਿਕਾਵਾਂ ਹਨ:

- ਕੰਮ ਉਤੇ ਸੰਭਾਵਤ ਖਤਰਿਆਂ, ਹਾਦਸਿਆਂ ਦੇ ਕਾਰਨਾ, ਹੈਲਥ ਐਂਡ ਸੇਫਟੀ ਵਾਰੇ ਕਰਮਚਾਰੀਆਂ ਦੀਆਂ ਵਿਆਪਕ ਸ਼ਕਾਇਤਾਂ ਅਤੇ ਵੈਲਫੇਅਰ ਦੇ ਮੁੱਦਿਆਂ ਦੀ ਜਾਂਚ ਪੜਤਾਲ ਕਰਨੀ ਅਤੇ ਇਹ ਗੱਲਾਂ ਇੰਪਲੋਯਰ ਨਾਲ ਉਠਾਉਣੀਆਂ;

- ਵਰਕਪਲੇਸ ਵਿਚ ਇੰਸਪੇਕਸ਼ਨਾ ਕਰਨੀਆਂ, ਖਾਸ ਤੌਰ ਤੇ ਹਾਦਸਿਆਂ, ਬੀਮਾਰੀਆਂ ਅਤੇ ਦੂਜੀਆਂ ਘਟਨਾਵਾ ਤੋਂ ਬਾਅਦ;

- ਹੈਲਥ ਐਂਡ ਸੇਫਟੀ ਇੰਸਪੈਕਟਰਾਂ ਨਾਲ ਗੱਲਬਾਤ ਵਿਚ ਕਰਮਚਾਰੀਆਂ ਦੀ ਪ੍ਰਤੀਨਿਧਤਾ ਕਰਨੀ ਅਤੇ ਉਨ੍ਹਾਂ ਇੰਸਪੈਕਟਰਾਂ ਤੋਂ ਜਾਣਕਾਰੀ ਪ੍ਰਾਪਤ ਕਰਨੀ; ਅਤੇ

- ਸੇਫਟੀ ਕਮੇਟੀ ਦੀਆਂ ਬੈਠਕਾਂ ਵਿਚ ਜਾਣਾ।

ਜੇ ਦੋ ਜਾਂ ਵੱਧ ਟ੍ਰੇਡ ਯੂਨੀਅਨ ਸੇਫਟੀ ਪ੍ਰਤੀਨਿਧ ਮੰਗ ਕਰਨ ਤਾਂ ਇੰਪਲੋਯਰ ਵਾਸਤੇ ਸੇਫਟੀ ਕਮੇਟੀ ਸਥਾਪਤ ਕਰਨੀ ਜ਼ਰੂਰੀ ਹੈ।

ਇਕ ਵੱਖਰੀ ਐਚਐਸਸੀਈਆਰ 1996 ਤਹਿਤ ਕਰਮਚਾਰੀਆਂ ਦੀ ਸੇਫਟੀ ਲਈ ਚੁਣੇ ਹੋਏ ਪ੍ਰਤੀਨਿਧਾਂ ਦੀ ਭੂਮਿਕਾ ਹੈ:

- ਜਿਨ੍ਹਾਂ ਕਰਮਚਾਰੀਆਂ ਦੀ ਉਹ ਪ੍ਰਤੀਨਿਧਤਾ ਕਰਦੇ ਹਨ ਉਨ੍ਹਾਂ ਤੇ ਅਸਰ ਕਰਨ ਵਾਲੇ ਵਰਕਪਲੇਸ ਵਿਚਲੇ ਸੰਭਾਵੀ-ਖਤਰਿਆਂ ਅਤੇ ਖਤਰਨਾਕ ਘਟਨਾਵਾਂ ਵਾਰੇ ਇੰਪੋਯਰ ਕੋਲ ਫਿਕਰ ਪ੍ਰਗਟ ਕਰਨਾ;
- ਜਿਨ੍ਹਾਂ ਕਰਮਚਾਰੀਆਂ ਦੀ ਉਹ ਪ੍ਰਤੀਨਿਧਤਾ ਕਰਦੇ ਹਨ ਉਨ੍ਹਾਂ ਦੀ ਹੈਲਥ ਐਂਡ ਸੇਫਟੀ ਤੇ ਅਸਰ ਕਰਨ ਵਾਲੀਆਂ ਵਿਆਪਕ ਗੱਲਾਂ ਨੂੰ ਇੰਪਲੋਯਰ ਨਾਲ ਉਠਾਉਣਾ; ਅਤੇ
- ਹੈਲਥ ਐਂਡ ਸੇਫਟੀ ਇੰਸਪੈਕਟਰਾਂ ਨਾਲ ਵਿਚਾਰ ਵਟਾਂਦਰੇ ਵਿਚ ਉਨ੍ਹਾਂ ਨੂੰ ਚੁਣਨ ਵਾਲੇ ਕਰਮਚਾਰੀਆਂ ਜਦੀ ਪ੍ਰਤੀਨਿਧਤਾ ਕਰਨੀ।

| |
|---|
| ਇੰਪਲੋਯਰ ਚੁਣੇ ਹੋਏ ਪ੍ਰਤੀਨਿਧਤਾ ਨੂੰ ਹੋਰ ਵਧੇਰੇ ਭੂਮਿਕਾਵਾਂ ਦੇਣ ਦੀ ਚੋਣ ਵੀ ਕਰ ਸਕਦਾ ਹੈ। |

## ਮੇਰੇ ਉਤੇ ਕਿਹੜਾ ਸਿਸਟਮ ਲਾਗੂ ਹੁੰਦਾ ਹੈ?

ਡਾਇਆਗ੍ਰਾਮ 1 ਵਿਚ ਦਿਖਾਇਆ ਗਿਆ ਹੈ ਕਿ ਰੈਗੂਲੇਸ਼ਨਾ ਦੇ ਦੋਹਾਂ ਸੈਟਾਂ ਵਿਚ ਕੀ ਸਬੰਧ ਹਨ ਅਤੇ ਇਹ ਇੰਪਲੋਯਰਾਂ ਅਤੇ ਕਰਮਚਾਰੀਆਂ ਤੇ ਕਿਵੇਂ ਅਸਰ ਕਰ ਸਕਦੇ ਹਨ।

ਜੇ ਇੰਪਲੋਯਰ ਕਿਸੇ ਟ੍ਰੇਡ ਯੂਨੀਅਨ ਨੂੰ ਮਾਣਤਾ ਦਿੰਦਾ ਹੈ ਤਾਂ ਹੇਠ ਲਿਖੇ ਲਾਗੂ ਹੋਣਗੇ:

- ਕਿ ਐਸਆਰਐਸਸੀਆਰ 1977 ਤਹਿਤ ਯੂਨੀਅਨ ਸੇਫਟੀ ਪ੍ਰਤੀਨਿਧ ਨਿਯੁਕਤ ਕਰ ਸਕਦੀ ਹੈ। ਟ੍ਰੇਡ ਯੂਨੀਅਨ ਦੀ ਇੰਪਲੋਯਰ ਨੂੰ ਨੋਟੀਫਿਕੇਸ਼ਨ ਚਿੱਠੀ ਵਿਚ ਦੱਸਣਾ ਜ਼ਰੂਰੀ ਹੈ ਕਿ ਹਰ ਇਕ ਟ੍ਰੇਡ ਯੂਨੀਅਨ ਸੇਫਟੀ ਪ੍ਰਤੀਨਿਧ ਵਲੋਂ ਕਰਮਚਾਰੀਆਂ ਦੇ ਕਿਹੜੇ ਗਰੁੱਪਾਂ ਦੀ ਪ੍ਰਤੀਨਿਧਤਾ ਕੀਤੀ ਜਾ ਰਹੀ ਹੈ।
- ਇਨ੍ਹਾਂ ਗਰੁੱਪਾਂ ਵਿਚਲੇ ਕਰਮਚਾਰੀਆਂ (ਭਾਵੇਂ ਇਨ੍ਹਾਂ ਵਿਚੋਂ ਕੁੱਝ ਸਬੰਧਤ ਟ੍ਰੇਡ ਯੂਨੀਅਨ ਦੇ ਮੈਂਬਰ ਨਾ ਵੀ ਹੋਣ) ਉਤੇ ਐਸਆਰਐਸਸੀਆਰ 1977 ਲਾਗੂ ਹੁੰਦਾ ਹੈ।
- ਇੰਪਲੋਯਰਾਂ ਲਈ ਇਨ੍ਹਾਂ ਟ੍ਰੇਡ ਯੂਨੀਅਨ ਪ੍ਰਤੀਨਿਧਾਂ ਨਾਲ ਵਿਚਾਰ ਵਟਾਂਦਰਾ ਕਰਨਾ ਜ਼ਰੂਰੀ ਹੈ।

ਜੇ ਟ੍ਰੇਡ ਯੂਨੀਅਨ ਸੇਫਟੀ ਪ੍ਰਤੀਨਿਧ ਨਿਯੁਕਤ ਨਹੀਂ ਕੀਤੇ ਗਏ, ਜਾਂ ਨਹੀਂ ਕੀਤੇ ਜਾਣੇ, ਜਾਂ ਕੁੱਝ ਐਸੇ ਕਰਮਚਾਰੀ ਹਨ ਜੋ ਇਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੇ, ਤਾਂ:

- ਇਨ੍ਹਾਂ ਗਰੁੱਪਾਂ ਵਿਚਲੇ ਕਰਮਚਾਰੀਆਂ ਤੇ ਐਚਐਸਸੀਈਆਰ 1996 ਲਾਗੂ ਹੋਵੇਗਾ; ਅਤੇ

- ਐਚਐਸਸੀਈਆਰ 1996 ਅਨੁਸਾਰ ਇੰਪਲੋਯਰਾਂ ਨੂੰ ਸਿੱਧਾ ਇਨ੍ਹਾਂ ਕਰਮਚਾਰੀਆਂ ਜਾਂ ਇਨ੍ਹਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਨਾਲ ਵਿਚਾਰ ਵਟਾਂਦਰਾ ਕਰਨਾ ਹੋਵੇਗਾ।

ਡਾਇਆਗ੍ਰਾਮ 1



# ਹਵਾਲੇ

ਸੇਫਟੀ ਰੈਪਰੀਜ਼ੈਂਟਟਿਵ ਐਂਡ ਸੇਫਟੀ ਕਮੇਟੀਜ ਐਲ87 (ਤੀਜੀ ਅਡੀਸ਼ਨ) ਐਚਐਸਈ ਬੁੱਕਸ 1996 ਆਈਐਸਬੀਐਨ 0 7176 1220 1

ਏ ਗਾਈਡ ਟੂ ਹੈਲਥ ਐਂਡ ਸੇਫਟੀ (ਕਨਸਲਟੇਸ਼ਨ ਵਿੱਦ ਇੰਪਲੋਈਜ) ਰੈਗੂਲੇਸ਼ਨਜ 19996. ਗਾਈਡੈਂਸ ਔਨ ਰੈਗੂਲੇਸਨਜ ਐਲ95 ਐਚਐਸਈ ਬੁੱਕਸ 1996 ਆਈਐਸਬੀਐਨ 0 7176 1234 1

ਮਰਚੰਟ ਸ਼ਿਪਿੰਗ ਐਂਡ ਫਿਸ਼ਿੰਗ ਵੈਸਲਜ (ਹੈਲਥ ਐਂਡ ਸੇਫਟੀ ਐਟ ਵਰਕ) ਰੈਗੂਲੇਨਜ 1997 ਐਸਆਈ 1997/2962 ਦੀ ਸਟੇਸ਼ਨਰੀ ਆਫਿਸ 1998 ਆਈਐਸਬੀਐਨ 0 11065345 9

ਐਚਐਸਈ ਦੀਆਂ ਮੁਫਤ ਅਤੇ ਮੁੱਲ ਵਾਲੀਆਂ ਪਬਲੀਕੇਸ਼ਨਾ ਮੇਲ ਆਰਡਰ ਰਾਹੀਂ ਇਸ ਪਤੇ ਤੋਂ ਉਪਲੱਬਧ ਹਨ HSE Books, PO Box 1999, Sudbury, Suffolk CO10 2WA
ਫੋਨ: 01787 881165 ਫੈਕਸ: 01787 313995 ਵੈਬਸਾਈਟ: www.hsebooks.co.uk
(ਐਚਐਸਈ ਦੀਆਂ ਮੁੱਲ ਵਾਲੀਆਂ ਪਬਲੀਕੇਸ਼ਨਾ ਕਿਤਾਬਾਂ ਦੀਆਂ ਦੁਕਾਨਾ ਤੋਂ ਵੀ ਉਪਲੱਬਧ ਹਨ ਅਤੇ ਮੁਫਤ ਲੀਫਲੈਟ ਐਚਐਸਈ ਦੀ ਵੈਬਸਾਈਟ www.hse.gov.uk ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ)

ਹੈਲਥ ਐਂਡ ਸੇਫਟੀ ਵਾਰੇ ਜਾਣਕਾਰੀ ਲਈ ਐਚਐਸਈ ਦੀ ਇਨਫੋਲਾਈਨ ਦੀ ਘੰਟੀ ਖੜਕਾਉ
ਫੋਨ: 08701 545500 ਫੈਕਸ: 02920 859260
ਈ-ਮੇਲ: hseinformationservices@natbrit.com ਜਾਂ ਇਸ ਪਤੇ ਤੇ ਚਿੱਠੀ ਲਿਖੋ HSE Information Services, Caerphilly Business Park, Caerphilly CF83 3GG

ਇਸ ਲੀਫਲੈਟ ਵਿਚ ਚੰਗੇ ਅਭਿਆਸ ਲਈ ਨੋਟਸ ਸ਼ਾਮਲ ਹਨ ਜੋ ਲਾਜ਼ਮੀ ਤਾਂ ਨਹੀਂ ਪਰ ਤੁਹਾਨੂੰ ਕੀ ਕਰਨ ਦੀ ਲੋੜ ਹੈ ਵਾਰੇ ਵਿਚਾਰ ਕਰਨ ਵਿਚ ਮੱਦਦਗਾਰ ਸਾਬਤ ਹੋ ਸਕਦੇ ਹਨ।

ਚੰਗਾ ਅਭਿਆਸ ਗਾਈਡੈਂਸ ਨੋਟਸ ਮੁੱਖ ਲਿਖਤ ਨਾਲੋਂ ਵੱਕ ਖਾਨਿਆਂ ਵਿਚ ਹਈਲਾਈਟ ਕੀਤੇ ਹੋਏ ਹਨ

ਇਹ ਲੀਫਲੈਟ 15 ਦੇ ਪੈਕ ਵਿਚ ਐਚਐਸਈ ਬੁੱਕਸ ਤੋਂ ਖਰੀਦੇ ਜਾ ਸਕਦੇ ਹਨ।
ਆਈਐਸਬੀਐਨ 07176 1615 0 ਐਚਐਸਈ ਤੋਂ ਮੁਫਤ ਸਿੰਗਲ ਕਾਪੀ ਵੀ ਉਪਲੱਬਧ ਹੈ।

*ਕ੍ਰਾਊਨ ਕਾਪੀਰਾਈਟ* ਇਸ ਪਬਲੀਕੇਸ਼ਨ ਨੂੰ ਇਸ਼ਤਹਾਰਬਾਜ਼ੀ, ਤਸਦੀਕੀ ਜਾਂ ਵਪਾਰਕ ਮਕਸਦਾਂ ਲਈ ਵਰਤਣ ਤੋਂ ਬਗੈਰ ਖੁੱਲੇ ਤੌਰ ਤੇ ਰੀਪ੍ਰੋਡਿਊਸਡ ਕੀਤਾ ਜਾ ਸਕਦਾ ਹੈ। ਪਹਿਲਾ ਪ੍ਰਕਾਸ਼ਨ 09/96. ਸ੍ਰੋਤ ਸਾਧਨ ਐਚਐਸਈ ਦੱਸਣ ਦੀ ਕ੍ਰਿਪਾ ਕਰਨੀ।

ਆਈਐਨਡੀਜੀ232 ਰੀਪ੍ਰਿੰਟਿਡ 11/03 ਸੀ2000

ਆਰਡਰ ਫਾਰਮ -

## ਆਰਡਰ ਫਾਰਮ

**ਆਰਡਰ ਕਰਨ ਵਾਲਾ**

ਨਾਮ ਇਨੀਸ਼ੀਅਲ ਸਰਨੇਮ

ਜੌਬ ਟਾਈਟਲ ਕੰਪਣੀ ਨਾਮ

ਡਲਿਵਰੀ ਅਡਰੈਸ

ਪੋਸਟਕੋਡ ਟੈਲੀਫੋਨ

**ਈਮੇਲ ਅਲੱਰਟ**
ਅਸੀਂ ਈਮੇਲ ਰਾਹੀਂ ਜਾਣਕਾਰੀ ਸੇਵਾ ਪ੍ਰਦਾਨ ਕਰਦੇ ਹਾਂ। ਜੇ ਤੁਸੀਂ ਇਸ ਤਰੀਕੇ ਨਾਲ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਆਪਣਾ ਈਮੇਲ ਲਿਖੋ

ਮੇਰਾ ਈਮੇਲ ਅਡਰੈਸ ਹੈ:

**ਭੇਜਣ ਦੀ ਕ੍ਰਿਪਾ ਕਰੋ**

| ਆਈਐਸਬੀਐਨ | ਟਾਈਟਲ/ਵਿਆਖਿਆ | ਯੂਨਿਟ ਕੀਮਤ | ਗਿਣਤੀ | ਕੁੱਲ ਕੀਮਤ |
|---|---|---|---|---|
| 0 7176 1234 1 | ਏ ਗਾਈਡ ਟੂ ਦੀ ਹੈਲਥ ਐਂਡ ਸੇਫਟੀ (ਕਨਸਲਟੇਸ਼ਨ ਵਿੱਦ ਇੰਪਲੋਈਜ) ਰੈਗੂਲੇਸ਼ਨਜ 1996 ਐਲ95 | £8.00 + ਵੀਏਟੀ | | £ |
| 0 7176 1220 1 | ਸੇਫਟੀ ਰੈਪ੍ਰੀਜ਼ੈਂਟਟਿਵ ਐਂਡ ਸੇਫਟੀ ਕਮੇਟੀਜ (ਤੀਜਾ ਅਡੀਸ਼ਨ) ਐਲ87 10 ਕਾਪੀਆਂ ਆਰਡਰ ਕਰਨ ਤੇ – ਸਿਰਫ £40 | £5.75 + ਵੀਏਟੀ | | £ |
| | | | ਕੁੱਲ | £ |

**ਪੇਮਿੰਟ ਡੀਟੇਲਜ**

ਚੈਕ/ਪਾਸਟਲ ਆਰਡਰ ਭੇਜਿਆ ਜਾ ਰਿਹਾ ਹੈ, ਰਕਮ £ ਐਚਐਸਈ ਬੁੱਕਸ ਦੇ ਨਾਮ

**ਜਾਂ** ਪੈਸੇ ਮੇਰੇ ਮਾਸਟਰ ਕਾਰਡ/ਵੀਜ਼ਾ/ਅਮਰੀਕਨ ਐਕਸਪ੍ਰੈਸ* ਤੋਂ ਲੈ ਲਵੋ, ਰਕਮ £

ਕਾਰਡ ਨੰਬਰ ਸ਼ੁਰੂ ਤਰੀਕ ਸਮਾਪਤੀ ਤਰੀਕ

ਕਾਰਡ ਹੋਲਡ ਦਾ ਨਾਮ ਦਸਤਖਤ

**ਜਾਂ** ਚਾਰਜ ਕਰੋ ਮੇਰਾ ਐਚਐਸਈ ਬੁੱਕਸ ਅਕਾਉਂਟ ਨੰਬਰ:

ਮੇਰਾ ਰੈਫਰੈਂਸ *ਜੋ ਲਾਗੂ ਨਹੀਂ ਮਿਟਾ ਦੇਵੋ

ਤੁਹਾਡੇ ਵਲੋਂ ਦਿੱਤੀ ਜਾਣ ਵਾਲੀ ਜਾਣਕਾਰੀ ਦੀ ਵਰਤੋਂ ਅਸੀਂ ਤੁਹਾਨੂੰ ਨਵੇਂ ਅਤੇ ਮੁੜ ਸੁਧਾਰੇ ਹੋਏ ਪ੍ਰਕਾਸ਼ਨਾ ਵਾਰੇ ਜਾਣੂੰ ਕਰਵਾਉਣ ਲਈ ਡਾਇਰੈਕਟ ਮਾਰਕਟਿੰਗ ਦੇ ਮਕਸਦ ਨਾਲ ਕਰ ਸਕਦੇ ਹਾਂ।
ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਨਾਮ ਇਸ ਤਰੀਕੇ ਨਾਲ ਨਾ ਵਰਤਿਆ ਜਾਵੇ ਤਾਂ ਇੱਥੇ ਟਿੱਕ ਲਗਾਵੋ

ਇਹ ਫਾਰਮ ਇਸ ਪਤੇ ਤੇ ਵਾਪਸ ਭੇਜੋ: HSE Books, PO Box 1999, Sudbury, Suffolk CO10 2WA
ਫੋਨ: 01787 881165 ਫੈਕਸ: 01787 313995 ਵੈਬਸਾਈਟ: www.hsebooks.co.uk

ਐਚਐਸਈ ਦੀਆਂ ਮੁੱਲ ਖ਼ੀਦੀਆਂ ਜਾਣ ਵਾਲੀਆਂ ਕਿਤਾਬਾਂ ਚੰਗੇ ਕਿਤਾਬਾਂ ਵੇਚਣ ਵਾਲਿਆਂ ਤੋਂ ਵੀ ਉਪਲੱਬਧ ਹਨ।

ਐਚਐਸਈ ਹੋਮ ਪੇਜ ਔਨ ਵੱਲਡ ਵਾਈਡ ਵੈਬ: ww.hse.gov.uk 2/02 300